# Surrey School District

Surrey Schools . . . Keeping Learners at the Centre

Tel: 604.596.7733
Fax: 604.596.7941
www.sd36.bc.ca

**October 2, 2007**

## Ministry recognizes the Surrey School District for education and community initiatives

## ਵਿਦਿਆ ਵਿਭਾਗ ਵਲੋਂ ਸਰ੍ਹੀ ਸਕੂਲ ਡਿਸਟਰਿਕਟ ਨੂੰ ਸਨਮਾਨਿਤ ਕੀਤਾ ਗਿਆ

ਅਪਰੈਲ ਦੇ ਮਹੀਨੇ ਵਿੱਚ, ਪੰਜਾ ਦਿਨ ਦੀ ਜਾਂਚ ਪੜਤਾਲ ਤੋਂ ਬਾਅਦ, ਵਿਦਿਆ ਵਿਭਾਗ ਦੀ ਇੱਕ 8 ਮੈਂਬਰਾਂ ਦੀ ਟੀਮ ਨੇ ਸਰ੍ਹੀ ਸਕੂਲ ਡਿਸਟਰਿਕਟ ਦੇ ਕਈ ਗੁਣਾਂ ਅਤੇ ਕਾਮਯਾਬੀਆਂ ਨੂੰ ਵਰਨਣ ਕੀਤਾ ।
ਸ਼ਾਨ ਵਿਲਸਨ, ਜੋ ਸਰ੍ਹੀ ਸਕੂਲ ਬੋਰਡ ਦੇ ਵਿਦਿਆ ਵਿਭਾਗ ਦੇ ਚੇਅਰਮੈਨ ਹਨ, ਨੇ ਕਿਹਾ ਕਿ ਮੈਂ ਇਸ ਜਾਂਚ ਪੜਤਾਲ ਦੇ ਨਤੀਜੇ ਤੋਂ ਬਹੁਤ ਖੁਸ਼ ਹਾਂ । ਓਨ੍ਹਾਂ ਕਿਹਾ ਕਿ ਇਸ ਨਾਲ ਸਰ੍ਹੀ ਵਿੱਚ ਜੋ ਵਧੀਆ ਕੰਮ ਸਕੂਲਾਂ ਵਿੱਚ ਹੋ ਰਿਹਾ ਹੈ ਓਸ ਓਪਰ ਇੱਕ ਕਿਸਮ ਦੀ ਮੋਹਰ ਲੱਗੀ ਹੈ ਅਤੇ ਇਸ ਨਾਲ ਇਹ ਸਿੱਧ ਹੋਇਆ ਹੈ ਕਿ ਸਾਡਾ ਬੋਰਡ ਸਹੀ ਰਸਤੇ ਤੇ ਚਲ ਕਿ ਸੁਧਾਰ ਅਤੇ ਤਰੱਕੀ ਵਲ ਜਾ ਰਿਹਾ ਹੈ ।

ਇਸ ਟੀਮ ਨੇ ਕੁੱਝ ਇਹ ਵਿਚਾਰ ਸਾਂਝੇ ਕੀਤੇ:

- ਕਿ ਸਕੂਲ ਡਿਸਟਰਿਕਟ ਨੇ ਆਪਣੇ ਮਾਹਿਰ ਵਰਤ ਕੇ ਪੜ੍ਹਨ ਲਿਖਣ ਵਿੱਚ ਇੱਕ ਡੂੰਘੀ ਤਜਵੀਜ਼ ਤਿਆਰ ਕੀਤੀ ।
- ਕਿ ਡਿਸਟਰਿਕਟ ਦੀ ਵਿਦਿਆਰਥੀਆਂ ਦੇ ਪੜ੍ਹਨ ਦੀ ਸੁਧਾਰ ਕਮੇਟੀ ਨੇ ਪਿਛਲੇ 13 ਸਾਲਾਂ ਤੋਂ ਲਗਾਤਾਰ ਪੜ੍ਹਾਈ ਵਿੱਚ ਸੁਧਾਰ ਲਿਆਂਦਾ, ਖਾਸ ਕਰਕੇ 12ਵੀਂ ਕਲਾਸ ਦੇ ਵਿਦਿਆਰਥੀਆਂ ਦੇ ਨਤੀਜੇ ਜੋ ਸੂਬੇ ਦੀ ਔਸਤ ਤੋਂ ਵੱਧ ਹਨ ।
- ਕਿ ਸਾਰੀ ਡਿਸਟਰਿਕਟ ਵਿੱਚ ਵੱਖ ਵੱਖ ਖੇਤਰਾਂ ਵਿੱਚ ਦੇ ਆਪਸੀ ਸਬੰਧ ਵਧੀਆ ਹੋ ਰਹੇ ਹਨ ਅਤੇ ਬੋਰਡ ਦੇ ਮੈਂਬਰ ਬਹੁਤ ਗਿਆਨ ਵਾਲੇ, ਰਲ ਮਿਲ ਕੇ ਕੰਮ ਕਰਨ ਵਾਲੇ ਅਤੇ ਦੂਸਰਿਆਂ ਨੂੰ ਹੌਂਸਲਾ ਦਿੰਦੇ ਸਾਰਿਆਂ ਬੱਚਿਆਂ ਦੀ ਕਾਮਯਾਬੀ ਵਿੱਚ ਜੁਟੇ ਹੋਏ ਹਨ । ਕਿ ਸਾਰੇ ਟਰਸਟੀਜ਼ ਅਤੇ ਸਕੂਲਾਂ ਦਾ ਸੁਪਰਇਨਟੈਨਡੈਂਟ ਵੱਖ ਵੱਖ ਸਕੂਲਾਂ ਦੇ ਜਸ਼ਨਾਂ ਵਿੱਚ ਹਾਜ਼ਿਰ ਹੁੰਦੇ ਹਨ, ਮਾਪਿਆਂ ਦੀਆਂ ਮੀਟਿੰਗਾਂ ਵਿੱਚ ਹਿੱਸਾ ਲੈਂਦੇ ਹਨ ਅਤੇ ਹੋਰ ਸਾਂਝੀ ਲੋਕਾਂ ਨਾਲ ਵੀ ਵਧੀਆ ਸੰਬਧ ਬਣਾਓਂਦੇ ਹਨ ।
- ਕਿ ਨਾਲ ਨਾਲ ਡਿਸਟਰਿਕਟ ਸਟਰੋਂਗ ਸਟਾਰਟ, ਵੈਲਕਮ ਟੂ ਕਿੰਡਰਗਾਰਟਨ ਅਤੇ ਕਮਿਊਨਟੀ ਸਕੂਲਜ਼ ਪਾਰਟਨਰਸ਼ਿਪ ਵਰਗੇ ਪਰੋਗਰਾਮਾਂ ਵਿੱਚ ਹਿੱਸਾ ਲੈ ਕਿ ਸਾਰੀ ਸਰ੍ਹੀ ਦੇ ਭਾਈਚਾਰੇ ਵਿੱਚ ਹਿੱਸਾ ਲੈਂਦੇ ਹਨ ।
- ਡਿਸਟਰਿਕਟ ਦੇ ਦੁਭਾਸ਼ੀਏ ਇੱਕ ਵਡਮੁੱਲਾ ਹਿੱਸਾ ਹਨ ਸਕੂਲਾਂ ਨੂੰ ਬਾਕੀ ਦੇ ਭਾਈਚਾਰਿਆਂ ਨਾਲ ਜੋੜਨ ਲਈ ।
- ਕੈਨੇਡਾ ਦੇ ਆਦਿ ਵਾਸੀ, ਐਬੋਰਿਜਨਲ ਵਿਦਿਆਰਥੀਆਂ, ਦੀ ਕਾਮਯਾਬੀ ਲਈ ਓਹਨਾਂ ਦੇ ਸੁਪੋਰਟ ਸਟਾਫ ਬਹੁਤ ਜ਼ਰੂਰੀ ਹਿੱਸਾ ਪਾਓਂਦੇ ਹਨ । ਇਨਾਂ ਵਿਦਿਆਰਥੀਆਂ ਦੀ ਕਾਮਯਾਬੀ ਨੂੰ ਬੜੇ ਧੂਮ ਧਾਮ ਨਾਲ ਇਨਾਮਾਂ ਅਤੇ ਜਸ਼ਨਾਂ ਰਾਹੀਂ ਮਨਾਇਆ ਜਾਂਦਾ ਹੈ ।
- ਡਿਸਟਰਿਕਟ ਦਾ ਇੱਕ ਬਹੁਤ ਵਧੀਆ ਨੇਤਾ ਬਣਾਓਣ ਦਾ ਪ੍ਰੋਗਰਾਮ ਵੀ ਹੈ ।
- ਡਿਸਟਰਿਕਟ ਕੋਲ ਇੱਕ ਟਰੇਡਜ਼ ਲਈ ਸ਼ਗਿਰਦੀ ਦਾ ਬਹੁਤ ਵਧੀਆ ਪ੍ਰੋਗਰਾਮ ਹੈ ਜਿਸ ਨਾਲ ਬੱਚੇ ਹਾਈ ਸਕੂਲ ਜਾਂ ਕਾਲਿਜਾਂ ਵਿੱਚ ਆਪਣੀ ਹੁਨਰਤਾ ਮੁਤਾਬਿਕ ਦਾਖਿਲਾ ਲੈ ਸਕਦੇ ਹਨ

ਇਸ ਦੇ ਨਾਲ ਨਾਲ, ਇਸ ਜਾਂਚ ਪੜਤਾਲ ਨੇ ਇਹਨਾਂ ਖੇਤਰਾਂ ਵਿੱਚ ਵੀ ਡਿਸਟਰਿਕਟ ਦਾ ਧਿਆਨ ਦਿਵਾਇਆ: ਪੜ੍ਹਾਓਣ ਦੇ ਵਧੀਆ ਤੌਰ ਤਰੀਕੇ ਜੋ ਸਾਰੀ ਡਿਸਟਰਿਕਟ ਵਿੱਚ ਸਾਂਝੇ ਕੀਤੇ ਜਾ ਸਕਣ, ਮਾਪਿਆਂ ਨੂੰ ਬੱਚਿਆਂ ਦੇ ਸਕੂਲਾਂ ਵਿੱਚ ਹੋਰ ਹਿੱਸਾ ਪਾਓਣ ਲਈ ਸਾਧਿਨ ਲੱਭੇ ਜਾਣ ਅਤੇ ਇਥੋਂ ਦੇ ਆਦਿ ਵਾਸੀਆਂ ਦੇ ਬੱਚਿਆਂ ਦੀ ਕਾਮਯਾਬੀ ਵਲ ਹੋਰ ਧਿਆਨ ਦਿੱਤਾ ਜਾਵੇ ।

ਸਕੂਲ ਡਿਸਟਰਿਕਟ ਦੇ ਸੁਪਰਇਨਟੈਨਡੈਂਟ ਮਾਈਕ ਮਕੇ ਨੇ ਸਕੂਲਾਂ ਦੇ ਸਟਾਫਾਂ ਦੀ ਮਿਹਨਤ ਨੂੰ ਸਨਮਾਨਿਆ । ਓਨਾਂ ਕਿਹਾ ਇਹ ਜਾਂਚ ਪੜਤਾਲ ਨੇ ਸਕੂਲ ਡਿਸਟਰਿਕਟ ਦੇ ਬਹੁਤ ਸਾਰੇ ਗੁਣਾਂ ਨੂੰ ਧਿਆਨ ਵਿੱਚ ਲਿਆਂਦਾ । ਓਹਨਾਂ ਇਹ ਵੀ ਕਿਹਾ ਕਿ ਇਸ ਟੀਮ ਦੀ ਰਿਪੋਰਟ ਤੋਂ ਇਹ ਜ਼ਾਹਿਰ ਹੁੰਦਾ ਹੈ ਕਿ ਸਾਡੀ ਕਹਾਣੀ ਇੱਕ ਵਧੀਆ ਕਹਾਣੀ ਹੈ ਅਤੇ ਇਸ ਨਾਲ ਸਾਡਾ ਟੀਮ ਦਾ ਰਲ ਮਿਲ ਕੇ ਕੰਮ ਕਰਨਾਂ ਜ਼ਾਹਿਰ ਹੁੰਦਾ ਹੈ । ਇਸ ਦੇ ਨਾਲ ਨਾਲ ਇਹ ਰੀਪੋਰਟ ਸਾਨੂੰ ਕਈ ਪਾਸੇ ਰਸਤਾ ਦਿਖਾਲਦੀ ਹੈ ਜਿਸ ਨਾਲ ਅਸੀਂ ਅੱਗੇ ਵੱਧ ਸਕਦੇ ਹਨ ।

ਇਹ ਸਾਰੀ ਰੀਪੋਰਟ ਇਸ ਪਤੇ ਓਪਰ ਮਿਲ ਸਕਦੀ ਹੈ : www.sd36.bc.ca/general/reports/districtreview0607.pdf
ਹੋਰ ਜਾਣਕਾਰੀ ਲਈ ਤੁਸੀਂ ਡੱਗ ਸਟਰੈਕਨ ਨੂੰ ਵੀ ਫੋਨ ਕਰ ਸਕਦੇ ਹੋ : 604 -599-7468